ਹਫਤਾ 1: 30 ਮਾਰਚ ਤੋਂ 3 ਅਪ੍ਰੈਲ 2020

# ਮਾਪਿਆਂ ਅਤੇ ਵਿਦਿਆਰਥੀਆਂ ਨੂੰ ਕੀ ਜਾਣਨਾ ਚਾਹੀਦਾ ਹੈ

Surrey Schools
LEADERSHIP IN LEARNING

ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਸਰੀ ਦੇ ਸਾਰੇ ਸਕੂਲਾਂ ਵਿੱਚ ਕਲਾਸਾਂ ਵਿੱਚ ਪੜ੍ਹਾਈ ਬੰਦ ਹੋਣ ਅਤੇ ਸਕੂਲਾਂ ਦੀਆਂ ਇਮਾਰਤਾਂ ਵਿੱਚ ਆਉਣ ਨੂੰ ਸੀਮਤ ਕਰਨ ਦੇ ਨਾਲ ਸਾਡਾ ਜ਼ਿਲ੍ਹਾ ਪੜ੍ਹਾਈ ਜਾਰੀ ਰੱਖਣ ਦੀ ਯੋਜਨਾ ਸ਼ੁਰੂ ਕਰਨ ਜਾ ਰਿਹਾ ਹੈ।

## ਜ਼ਿਲ੍ਹੇ ਦੀ ਪੜ੍ਹਾਈ ਜਾਰੀ ਰੱਖਣ ਦੀ ਯੋਜਨਾ ਕੀ ਹੈ?

ਮਹਾਂਮਾਰੀ ਦੇ ਦੌਰਾਨ ਜ਼ਿਲ੍ਹਾ ਪੜ੍ਹਾਈ ਜਾਰੀ ਰੱਖਣ ਦੀ ਸੁਵਿਧਾ ਪ੍ਰਦਾਨ ਕਰੇਗਾ। ਕਲਾਸ ਮੁਤਾਬਕ, ਇਸ ਵਿੱਚ ਆਨਲਾਈਨ ਸਿੱਖਣ ਲਈ ਸਾਧਨ ਮੁਹੱਈਆ ਕਰਨਾ ਅਤੇ/ਜਾਂ ਟੀਚਰਾਂ ਵੱਲੋਂ ਮਾਪਿਆਂ ਨੂੰ ਵਸੀਲਿਆਂ ਦੇ ਪੈਕਜ ਜਾਂ ਅਸਾਇਨਮੈਂਟਾਂ ਈ-ਮੇਲ ਕਰਨਾ ਸ਼ਾਮਲ ਹੋ ਸਕਦਾ ਹੈ।

## ਇਸ ਹਫਤੇ ਕੀ ਹੋਵੇਗਾ?

ਮਾਰਚ 30 ਤੋਂ ਸ਼ੁਰੂ ਹੋ ਕੇ 3 ਅਪ੍ਰੈਲ ਤੱਕ ਸਾਡਾ ਧਿਆਨ ਸੰਪਰਕ ਬਣਾਉਣ 'ਤੇ ਕੇਂਦਰਿਤ ਹੈ।

- ਸਕੂਲ ਦੀਆਂ ਟੀਮਾਂ ਸਪਰਿੰਗ ਬ੍ਰੇਕ ਤੋਂ ਵਾਪਸ ਆ ਰਹੀਆਂ ਹਨ ਅਤੇ ਘਰ ਤੋਂ ਕੰਮ ਕਰਨ ਅਤੇ ਤਕਨੌਲੋਜੀ ਦੀ ਸਮਰੱਥਾ ਦੀ ਨਿਸ਼ਾਨਦੇਹੀ ਕਰਨ ਲਈ ਇਕ ਦੂਜੇ ਨਾਲ ਕੰਮ ਕਰਨਾ ਸ਼ੁਰੂ ਕਰ ਦੇਣਗੀਆਂ।
- ਪਰਿਵਾਰ ਆਪਣੇ ਕਲਾਸ ਟੀਚਰਾਂ ਤੋਂ ਸੰਪਰਕ ਦੀ ਉਮੀਦ ਕਰ ਸਕਦੇ ਹਨ, ਜਿਹੜੇ ਵਿਦਿਆਰਥੀਆਂ ਦੀ ਘਰ ਵਿੱਚ ਪੜ੍ਹਾਈ ਜਾਰੀ ਰੱਖਣ ਦੀਆਂ ਮੁਢਲੀਆਂ ਯੋਜਨਾਵਾਂ ਬਾਰੇ ਦੱਸਣਗੇ।
- ਆਪਣੇ ਯੋਜਨਾ ਬਣਾਉਣ ਦੇ ਕਾਰਜ ਲਈ ਸਕੂਲ ਮਾਪਿਆਂ ਤੋਂ ਜਾਣਕਾਰੀ ਇਕੱਤਰ ਕਰਨਗੇ ਜਿਸ ਵਿੱਚ ਮਾਪਿਆਂ ਤੋਂ ਉਨ੍ਹਾਂ ਦੇ ਘਰ ਵਿੱਚ ਤਕਨੌਲੋਜੀ ਤੱਕ ਪਹੁੰਚ ਬਾਰੇ ਪੁੱਛਣਾ ਅਤੇ ਉਹਨਾਂ ਮਦਦਾਂ ਜਾਂ ਤਬਦੀਲੀਆਂ ਬਾਰੇ ਪੁੱਛਣਾ ਸ਼ਾਮਲ ਹੋਵੇਗਾ ਜਿਨ੍ਹਾਂ ਦੀ ਡਿਸਏਬਲਟੀ ਅਤੇ ਵੱਖ ਵੱਖ ਪੱਧਰ ਦੀਆਂ ਯੋਗਤਾਵਾਂ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸਮਰਥਨ ਕਰਨ ਲਈ ਲੋੜ ਹੈ।

ਜੇ ਤੁਹਾਨੂੰ 3 ਅਪ੍ਰੈਲ ਤੱਕ ਕੋਈ ਕਾਲ ਜਾਂ ਈਮੇਲ ਨਹੀਂ ਆਉਂਦੀ, ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਵੈੱਬਸਾਈਟ 'ਤੇ ਜਾਉ ਅਤੇ "ਅਬਾਊਟ ਅਵਰ ਸਕੂਲ" ਵਾਲੀ ਟੈਬ ਨੂੰ ਕਲਿੱਕ ਕਰੋ ਅਤੇ "ਸਕੂਲ ਸਟਾਫ ਲਿਸਟ" ਨੂੰ ਕਲਿੱਕ ਕਰਕੇ ਆਪਣੇ ਟੀਚਰ ਦੀ ਈਮੇਲ ਲੱਭ ਲਉ।

## ਮਾਪਿਆਂ ਅਤੇ ਗਾਰਡੀਅਨਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ?

- ਅਸੀਂ ਸਮਝਦੇ ਹਾਂ ਕਿ ਮਾਪੇ ਟੀਚਰ ਨਹੀਂ ਹਨ ਅਤੇ ਵਿਦਿਆਰਥੀਆਂ ਦੀ ਦੂਰ ਤੋਂ ਸਿੱਖਣ ਵਿੱਚ ਮਦਦ ਕਰਨ ਲਈ ਅਸੀਂ ਜੋ ਵੀ ਕਰ ਸਕਦੇ ਹੋਏ ਉਹ ਕਰਾਂਗੇ।
- ਅਪ-ਟੂ ਡੇਟ ਜਾਣਕਾਰੀ ਲਈ ਈਮੇਲਾਂ, ਨਿਊਜ਼ ਲੈਟਰਾਂ, ਫੋਨਕਾਲਾਂ ਅਤੇ/ਜਾਂ ਸੋਸ਼ਲ ਮੀਡੀਏ ਦੀਆਂ ਫੀਡਾਂ ਦਾ ਧਿਆਨ ਰੱਖੋ। ਹੋ ਸਕਦਾ ਹੈ ਕਿ ਬਹੁਤ ਸਾਰੇ ਅਧਿਆਪਕ ਮਾਪਿਆਂ ਨੂੰ ਕਾਲ ਕਰਨ ਸਮੇਂ ਆਪਣੇ ਫੋਨ ਨੰਬਰ ਬਲਾਕ ਕਰ ਲੈਣ। ਕਿਰਪਾ ਕਰਕੇ ਇਸ ਹਫਤੇ ਅਣਜਾਣੇ ਨੰਬਰਾਂ ਜਾਂ ਬਲਾਕ ਕੀਤੇ ਨੰਬਰਾਂ ਤੋਂ ਆਉਣ ਵਾਲੇ ਫੋਨ ਚੁੱਕ ਲੈਣਾ।
- ਆਪਣੇ ਸਕੂਲ ਦੇ ਨਿਊਜ਼ ਲੈਟਰ ਲਈ ਆਪਣੇ ਸਕੂਲ ਦੇ ਵੈੱਬਸਾਈਟ 'ਤੇ ਜਾ ਕੇ ਰਜਿਸਟਰ ਹੋਵੋ।
- ਦੂਜੇ ਹਫਤੇ ਵਿੱਚ **www.surreyschools.ca** 'ਤੇ ਮਾਪਿਆਂ ਲਈ ਵਸੀਲਿਆਂ ਦਾ ਇਕ ਸਫਾ ਉਪਲਬਧ ਹੋਵੇਗਾ। ਇਸ ਸਫੇ 'ਤੇ ਉਹ ਸੁਝਾਅ ਅਤੇ ਡਿਜੀਟਲ ਵਸੀਲੇ ਪ੍ਰਦਾਨ ਕੀਤੇ ਜਾਣਗੇ ਜਿਹੜੇ ਵਿਦਿਆਰਥੀਆਂ ਦੇ ਅੱਗੇ ਦਿੱਤੇ ਗਰੁੱਪਾਂ ਲਈ ਘਰ ਵਿੱਚ ਪੜ੍ਹਾਈ ਵਿੱਚ ਵਾਧਾ ਅਤੇ ਸਮਰਥਨ ਪ੍ਰਦਾਨ ਕਰਦੇ ਹਨ: ਸਟੌਂਗ ਸਟਾਰਟ, ਕਿੰਡਰਗਾਰਟਨ-ਗ੍ਰੇਡ 3, ਗ੍ਰੇਡ 4-7, ਅਤੇ ਗ੍ਰੇਡ 8-9।
- ਮਾਪਿਆਂ ਵੱਲੋਂ ਸਮਾਂ ਲਾਉਣ ਦੀ ਲੋੜ ਵਿਦਿਆਰਥੀ ਦੇ ਗ੍ਰੇਡ ਦੇ ਪੱਧਰ ਅਤੇ ਸਕੂਲ ਅਤੇ ਵਿਅਕਤੀਗਤ ਟੀਚਰ ਵੱਲੋਂ ਅਪਣਾਈ ਗਈ ਪਹੁੰਚ ਸਮੇਤ ਕਈ ਗੱਲਾਂ 'ਤੇ ਨਿਰਭਰ ਕਰੇਗੀ।
- ਜੇ ਤੁਹਾਡੇ ਕੋਲ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਦੀ ਇਜਾਜ਼ਤ ਨਾ ਹੋਵੇ ਤਾਂ ਕਿਰਪਾ ਆਪਣੇ ਸਕੂਲ ਦੀ ਬਿਲਡਿੰਗ ਵਿੱਚ ਦਾਖਲ ਨਾ ਹੋਵੋ।

## ਕਿਰਪਾ ਕਰਕੇ ਸੁਰੱਖਿਅਤ ਰਹੋ ਅਤੇ ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਅਫਸਰ) ਦੀਆਂ ਇਨਫੈਕਸ਼ਨ ਨੂੰ ਕੰਟਰੋਲ ਕਰਨ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਨੀ ਜਾਰੀ ਰੱਖੋ।

- ਆਪਣੇ ਹੱਥਾਂ ਨੂੰ ਕਈ ਵਾਰ ਬਾਕਾਇਦਗੀ ਨਾਲ ਸਾਬਣ ਅਤੇ ਪਾਣੀ ਨਾਲ ਘੱਟੋ ਘੱਟ 20 ਸਕਿੰਟਾਂ ਲਈ ਧੋਵੋ
- ਆਪਣੀਆਂ ਅੱਖਾਂ, ਨੱਕ ਅਤੇ ਮੂੰਹ ਨੂੰ ਛੂਹਣ ਤੋਂ ਪਰਹੇਜ਼ ਕਰੋ
- ਆਪਣੀ ਖੰਘ ਜਾਂ ਛਿੱਕ ਨੂੰ ਆਪਣੀ ਕੂਹਣੀ ਨਾਲ ਢਕ ਲਉ ਜਾਂ ਟਿਸ਼ੂ ਦੀ ਵਰਤੋਂ ਕਰੋ
- ਘਰ ਰਹੋ ਅਤੇ ਦੂਜਿਆਂ ਨਾਲ ਆਪਣਾ ਜਿਸਮਾਨੀ ਸੰਪਰਕ ਘਟਾਉ।

ਜਿਸਮਾਨੀ ਦੂਰੀ ਦਾ ਮਤਲਬ ਹੈ ਦੂਜਿਆਂ ਤੋਂ 2 ਮੀਟਰ ਦੂਰ ਰਹਿਣਾ ਅਤੇ ਉਨ੍ਹਾਂ ਲੋਕਾਂ ਦੀ ਗਿਣਤੀ ਘਟਾਉਣਾ ਹੈ ਜਿਹਨਾਂ ਨਾਲ ਤੁਸੀਂ ਨੇੜੇ ਦੇ ਸੰਪਰਕ ਵਿੱਚ ਆਉਂਦੇ ਹੋ।

ਕਿਰਪਾ ਕਰਕੇ ਹੋਰ ਜਾਣਕਾਰੀ ਲਈ **SurreySchools.ca** 'ਤੇ ਜਾਉ।